This Question Paper consists of 14 questions and 8 printed pages.

ਇਸ ਪ੍ਰਸ਼ਨ-ਪੱਤਰ ਵਿੱਚ 14 ਪ੍ਰਸ਼ਨ ਅਤੇ 8 ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ | | | | | | | | | | | | |

Code No. 60/S/A/P
ਕੋਡ ਨੰ.
Set - **A**

# PUNJABI
## (ਪੰਜਾਬੀ)
## (210)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿਤੀ** ____________________

**Signature of Invivilators**

**ਨਿਰੀਖਕਾਂ ਦੇ ਦਸਖ਼ਤ** 1. ____________________

2. ____________________

### ਆਮ ਨਿਰਦੇਸ਼ :-

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।

3 ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।

4 ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿੱਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ ।

5 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

6 ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **60/S/A/P-A** ਜ਼ਰੂਰ ਲਿਖੋ ।



UNNATI EDUCATIONS
9899436384, 9654279279

# PUNJABI

## (ਪੰਜਾਬੀ)

## (210)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁੱਲ ਅੰਕ : **100**

---

**ਨੋਟ** :- (1) **ਸਾਰੇ** ਪ੍ਰਸ਼ਨਾਂ ਦੇ ਉੱਤਰ ਜਰੂਰੀ ਹਨ ।

(2) **ਸਾਰੇ** ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹਕੇ ਉਨ੍ਹਾਂ ਦੇ ਉੱਤਰ ਲਿਖੋ ।

---

**1** ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **2×4=8**

ਅਧਿਆਪਕ ਆਮ ਇਨਸਾਨ ਹੁੰਦੇ ਹੋਏ ਵੀ ਵੱਖ ਸ਼ਖਸੀਅਤ ਦਾ ਮਾਲਕ ਹੁੰਦਾ ਹੈ। ਉਹ ਪੜ੍ਹਿਆ-ਲਿਖਿਆ, ਸਮਾਜ ਦੇ ਹੋਰਨਾਂ ਲੋਕਾਂ ਨਾਲੋਂ ਰਤਾ ਵੱਧ ਸਿਆਣਾ, ਸਾਦਾ, ਸਾਫ਼-ਸਪਸ਼ਟ ਤੇ ਆਮ ਇਮਾਨਦਾਰ ਇਨਸਾਨ ਹੁੰਦਾ ਹੈ। ਉਹ ਜ਼ਬਾਨ ਦਾ ਮਿੱਠਾ, ਵਚਨ ਦਾ ਪੱਕਾ ਤੇ ਇਰਾਦੇ ਦਾ ਮਜ਼ਬੂਤ ਹੁੰਦਾ ਹੈ। ਉਹ ਜਾਣਦਾ ਹੈ ਕਿ ਸਮਾਜ ਇਸ ਤੋਂ ਵੱਧ ਉਸਨੂੰ ਕੀ ਇੱਜ਼ਤ ਦੇ ਸਕਦਾ ਹੈ ਜਦੋਂ ਉਹ ਆਪਣੇ ਭੋਲੇ-ਭਾਲੇ, ਨਿੱਕੇ-ਨਿੱਕੇ, ਅੱਖਾਂ ਦੇ ਨੂਰ, ਜ਼ਿਗਰ ਦੇ ਟੁਕੜਿਆਂ ਅਰਥਾਤ ਬੱਚਿਆਂ ਨੂੰ ਉਸਦੇ ਸਪੁਰਦ ਕਰਕੇ ਬਿਲਕੁਲ ਬੇਫ਼ਿਕਰ ਹੋ ਜਾਂਦਾ ਹੈ। ਉਸਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਮਾਜ ਉਸ ਉੱਤੇ ਯਕੀਨ ਰੱਖਦਾ ਹੈ, ਉਸ ਉੱਤੇ ਭਰੋਸਾ ਕਰਦਾ ਹੈ ਜੋ ਵੀ ਉਹ ਬੱਚਿਆਂ ਨੂੰ ਦੱਸੇਗਾ, ਜਿਹੜੀਆਂ ਵੀ ਆਦਤਾਂ ਉਹਨਾਂ ਵਿੱਚ ਪਾਵੇਗਾ, ਉਹ ਬੱਚਿਆਂ ਅਤੇ ਮਾਂਪਿਆਂ ਦੋਹਾਂ ਵਾਸਤੇ ਲਾਭਦਾਇਕ ਹੋਣਗੀਆਂ। ਮਾਂਪੇ ਜਾਣਦੇ ਹਨ ਕਿ ਅਧਿਆਪਕ ਦੇ ਹੁੰਦਿਆਂ ਬੱਚਿਆਂ ਨੂੰ ਕੋਈ ਖਤਰਾ ਨਹੀਂ, ਡਰ ਨਹੀਂ, ਚਿੰਤਾ ਨਹੀਂ। ਅਧਿਆਪਕ ਬੱਚਿਆਂ ਦਾ ਰਾਖਾ ਵੀ ਹੈ ਤੇ ਰਹਿਬਰ ਵੀ ਹੈ। ਕੋਈ ਵੀ ਬੰਦਾ ਕੌਮ ਨੂੰ, ਉਸਦੇ ਬੱਚਿਆਂ ਨੂੰ ਸਿੱਖਿਆ ਦੇਣ, ਉਹਨਾਂ ਵਿੱਚ ਚੰਗੇ, ਇੱਜ਼ਤਦਾਰ, ਜ਼ੁੰਮੇਵਾਰ, ਪੜ੍ਹੇ-ਲਿਖੇ, ਸੁਤੰਤਰਤਾ ਅਤੇ ਪਰਜਾਤੰਤਰ ਦੇ ਉੱਚੇ ਆਦਰਸ਼ਾਂ ਵਾਲੇ ਸ਼ਹਿਰੀ ਗੁਣ ਪੈਦਾ ਕਰਨ ਤੋਂ ਚੰਗੇਰੀ ਚੀਜ਼ ਕੀ ਦੇ ਸਕਦਾ ਹੈ। ਕੰਮ ਦੇ ਮਹੱਤਵ ਦਾ ਇਹਸਾਸ ਹੀ ਅਧਿਆਪਕ ਨੂੰ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਤੇ ਬੱਚਿਆਂ ਦੇ ਸਾਹਮਣੇ ਆਪਣੀ ਮਿਸਾਲ ਚੰਗੇ ਆਦਰਸ਼ ਇਨਸਾਨ ਦੇ ਰੂਪ ਵਿੱਚ ਰੱਖਣ ਦੀ ਪ੍ਰੇਰਨਾ ਦੇਂਦਾ ਹੈ। ਇਸ ਲਈ ਅਧਿਆਪਕ ਉਹ ਇਨਸਾਨ ਹੈ ਜੋ ਜ਼ਿੰਦਗੀ ਭਰ ਪੜ੍ਹਦਾ ਰਹਿੰਦਾ ਹੈ।

**ਪ੍ਰਸ਼ਨ :**

(i) ਅਧਿਆਪਕ ਦੀ ਸ਼ਖਸੀਅਤ ਕਿਹੋ ਜਿਹੀ ਹੁੰਦੀ ਹੈ?

(ii) ਉਪਰੋਕਤ ਪੈਰੇ ਵਿੱਚ ਕੌਣ ਅਤੇ ਕਿਸ ਤਰ੍ਹਾਂ ਦੀ ਜ਼ਿੰਮੇਵਾਰੀ ਅਧਿਆਪਕ ਉੱਤੇ ਪਾਕੇ ਨਿਸ਼ਚਿੰਤ ਹੋ ਜਾਂਦੇ ਹਨ?

(iii) ਅਧਿਆਪਕ ਕਿਸ ਗੱਲ ਤੋਂ ਪ੍ਰੇਰਿਤ ਹੁੰਦਾ ਹੈ?

(iv) ਮਾਂਪਿਆਂ ਦੀ ਨਜ਼ਰ ਵਿੱਚ ਅਧਿਆਪਕ ਬੱਚਿਆਂ ਲਈ ਕੀ ਹੈ?



UNNATI EDUCATIONS
9899436384, 9654279279

**2** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : **1×15=15**

(i) ਹੇਠ ਲਿਖਿਆਂ ਵਿੱਚੋਂ ਕਿਹੜਾ ਲਗਾਖ਼ਰ ਨਹੀਂ ਹੈ?

(A) ਟਿੱਪੀ (B) ਬਿੰਦੀ

(C) ਦੁੱਤ ਅੱਖਰ (D) ਅੱਧਕ

(ii) ਹੋੜਾ ਮਾਤਰਾ (ਲਗ) ਦਾ ਚਿੰਨ੍ਹ ਹੈ :

(A) ੇ (B) ਾ

(C) ੌ (D) ੋ

(iii) ਦੁੱਤ ਅੱਖਰ ਕਿੰਨ੍ਹੇ ਹਨ?

(A) ਇੱਕ (B) ਦੋ

(C) ਤਿੰਨ (D) ਚਾਰ

(iv) ਸ਼ੁਧ ਸ਼ਬਦ ਦੀ ਚੋਣ ਕਰੋ :

(A) ਉਪਾਅ (B) ਉਪਾਯ

(C) ਉਪਾਇ (D) ਉਪਾਏ

(v) ਖਾਲੀ ਥਾਂ ਵਿੱਚ ਲਕੀਰੇ ਸ਼ਬਦ ਦਾ ਸਹੀ ਲਿੰਗ ਬਦਲ ਕੇ ਦਿੱਤੇ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ :

ਭਾਬੀ ਨੇ ਸੱਸ ਅਤੇ __________ ਨੂੰ ਮੱਥਾ ਟੇਕਿਆ।

(A) ਮਾਂ (B) ਪਤੀ

(C) ਸਹੁਰਾ (D) ਪਿਤਾ

(vi) 'ਦਾਦਕਾ' ਦਾ ਬਹੁਵਚਨ ਹੈ :

(A) ਦਾਦਕਾਵਾਂ (B) ਦਾਦਕੇ

(C) ਦਾਦਕੀਆਂ (D) ਦਾਦਾਕੇ

(vii) ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ :

(A) ਇੱਕ (B) ਤਿੰਨ

(C) ਪੰਜ (D) ਸੱਤ



UNNATI EDUCATIONS
9899436384, 9654279279

(viii) ਕਾਰਕ ਕਿੰਨੀ ਤਰ੍ਹਾਂ ਦੇ ਹੁੰਦੇ ਹਨ :

(A) ਦੋ (B) ਚਾਰ

(C) ਛੇ (D) ਅੱਠ

(ix) 'ਸੁਨੀਤਾ ਕਿਤਾਬ ਪੜ੍ਹ ਰਹੀ ਹੈ।' ਕਿਰਿਆ ਦੀ ਕਿਸਮ ਦਾ ਸਹੀ ਵਿਕਲਪ ਚੁਣੋ :

(A) ਅਕਰਮਕ ਕਿਰਿਆ (B) ਸਕਰਮਕ ਕਿਰਿਆ

(C) ਸਹਾਇਕ ਕਿਰਿਆ (D) ਮੁੱਖ ਕਿਰਿਆ

(x) ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹਨ?

(A) ਚਾਰ (B) ਪੰਜ

(C) ਛੇ (D) ਤਿੰਨ

(xi) ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ ਕੀ ਕਹਿੰਦੇ ਹਨ?

(A) ਕਿਰਿਆ (B) ਵਿਸ਼ੇਸ਼ਣ

(C) ਸਕਰਮਕ ਕਿਰਿਆ (D) ਕਿਰਿਆ ਵਿਸ਼ੇਸ਼ਣ

(xii) 'ਘਿਉ ਅਤੇ ਸ਼ੱਕਰ' ਸ਼ਬਦ ਦਾ ਸਹੀ ਸਮਾਸੀ ਸ਼ਬਦ ਚੁਣੋ -

(A) ਘਿਉ-ਸ਼ੱਕਰ (B) ਘਿਉ ਸ਼ੱਕਰ

(C) ਘਿਉਸ਼ੱਕਰ (D) ਘਿਉਸ਼ੱਕਰੀ

(xiii) 'ਆਵਲੀ' ਪਿਛੇਤਰ ਨਾਲ ਬਣੇ ਸ਼ਹੀ ਸ਼ਬਦ ਦੀ ਚੋਣ ਕਰੋ :

(A) ਘਰਵਾਲੀ (B) ਸ਼ਬਦਾਵਲੀ

(C) ਅੜੀਅਲ (D) ਹਰਿਆਲੀ

(xiv) 'ਸੁਸਤ' ਦਾ ਵਿਰੋਧੀ ਸ਼ਬਦ ਹੈ :

(A) ਆਲਸੀ (B) ਚੁਸਤ

(C) ਢਿੱਲਾ (D) ਮੱਠਾ

(xv) ਲਕੀਰੇ ਸ਼ਬਦ ਦੀ ਥਾਂ ਸਹੀ ਸਮਾਨਾਰਥਕ ਸ਼ਬਦ ਵਰਤੋ -

ਦੇਸ ਵਿੱਚ <u>ਅਮਨ</u> ਹੋਣਾ ਬਹੁਤ ਜ਼ਰੂਰੀ ਹੈ।

(A) ਸੰਜਮ (B) ਨੇਤਾਗਿਰੀ

(C) ਯੁੱਧ (D) ਸ਼ਾਂਤੀ



UNNATI EDUCATIONS
9899436384, 9654279279

3 ਹੇਠ ਲਿਖੇ ਅਖਾਣਾਂ ਅਤੇ ਮੁਹਾਵਿਰਆਂ ਨੂੰ ਪੂਰਾ ਕਰੋ : 1×5=5

(i) ਕਰੇ ਕੋਈ ___________।

(ii) ਕਲ ਨਾਮ ___________।

(iii) ਇੱਟ ਨਾਲ ___________।

(iv) ___________ ਸੌ ਸੁੱਖ।

(v) ਸਸਤਾ ਹੋਵੇ ਵਾਰ-ਵਾਰ, ___________।

4 ਹੇਠ ਲਿਖੇ ਬਹੁਅਰਥਕ ਸ਼ਬਦਾਂ ਤੋਂ ਘੱਟੋਂ-ਘੱਟ ਅਜਿਹੇ ਦੋ ਵਾਕ ਬਣਾਉ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ : 2

ਬੋਲੀ, ਲਾਲ

5 ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਗਾਉ : 3

ਤੀਜੀ ਵਾਰ ਜੱਦ ਦੇਵਤੇ ਨੇ ਲੋਹੇ ਦਾ ਕੁਹਾੜਾ ਲਿਆਂਦਾ ਤਾਂ ਲਕੜਹਾਰੇ ਨੇ ਬੜੀ ਖੁਸ਼ੀ ਨਾਲ ਕਿਹਾ ਹਾਂਜੀ ਮਹਾਰਾਜ ਇਹ ਕੁਹਾੜਾ ਮੇਰਾ ਹੈ ਉਸ ਦੀ ਈਮਾਨਦਾਰੀ ਤੇ ਖੁਸ਼ ਹੋਕੇ ਦੇਵਤੇ ਨੇ ਤਿੰਨ ਕੁਹਾੜੇ ਉਸਨੂੰ ਦੇ ਦਿੱਤੇ।

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲੱਗਭਗ 250 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ : 10

(i) ਅਖਬਾਰ ਦਾ ਮਹੱਤਵ

(ii) ਸੰਗਤ ਦੀ ਰੰਗਤ

(iii) ਮੇਰੀ ਪਹਿਲੀ ਰੇਲ ਯਾਤਰਾ

(iv) ਰੁੱਖਾਂ ਦੇ ਲਾਭ

7 ਪਰਿਵਹਨ ਨਿਗਮ ਦੇ ਪ੍ਰਬੰਧਕ ਨੂੰ ਪੱਤਰ ਲਿਖ ਕੇ ਡਰਾਈਵਰ ਦੀ ਬਹਾਦਰੀ ਅਤੇ ਹਿੰਮਤ ਦੀ ਪ੍ਰਸੰਸਾ ਕਰਦੇ ਹੋਏ ਪੱਤਰ ਲਿਖੋ। 7

**ਜਾਂ**

ਪਾਰਕਾਂ ਅਤੇ ਸਾਵਰਜਨਕ ਥਾਵਾਂ ਦੇ ਵਿਕਾਸ ਅਤੇ ਉਨ੍ਹਾਂ ਨੂੰ ਸੁੰਦਰ ਬਣਾਉਣ ਬਾਰੇ ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।


UNNATI EDUCATIONS
9899436384, 9654279279

8 'ਰਹੀ ਵਾਸਤੇ ਘੱਤ, 'ਸਮੇਂ' ਨੇ ਇੱਕ ਨਾ ਮੰਨੀ। 5

ਫੜ-ਫੜ ਰਹੀ ਪਰੀਕ, 'ਸਮੇਂ' ਖਿਸਕਾਈ ਕੰਨੀ।

ਕਿਵੇਂ ਨਾ ਸੱਕੀ ਰੋਕ, ਅਟਕ ਜੋ ਪਾਈ ਭੰਨੀ।

ਤ੍ਰਿਖੇ ਆਪਣੇ ਵੇਗ, ਗਿਆ ਟੱਪ ਬੰਨੇ ਬੰਨੀ।

ਹੋ ! ਅਜੇ ਸੰਭਾਲ ਇਸ ਸਮੇਂ ਨੂੰ,

ਕਰ ਸਫਲ ਉਡੰਦਾ ਜਾਂਵਦਾ।

ਇਹ ਠਹਿਰਣ ਜਾਚ ਨਾ ਜਾਣਦਾ,

ਲੰਘ ਗਿਆ ਨ ਮੁੜ ਕੇ ਆਵੰਦਾ।'

ਉਪਰੋਕਤ ਪੰਗਤੀਆਂ ਵਿੱਚ ਕਵੀ ਭਾਈ ਵੀਰ ਸਿੰਘ ਨੇ ਮਨੁੱਖ ਨੂੰ ਕੀ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ?

ਉੱਤਰ 100-125 ਸ਼ਬਦਾਂ ਵਿੱਚ ਲਿਖੋ ।

**ਜਾਂ**

'ਮੈਂ ਕਹਿਣਾ ਚਾਹੁੰਦਾ ਹਾਂ

"ਸੰਭਲ ਕੇ ਬੱਸ ਵਿੱਚ ਚੜ੍ਹਨਾ

ਜਿੱਥੇ ਕਿਤੇ ਭੀੜ ਹੋਵੇ

ਉੱਥੇ ਨਹੀਂਓ ਖੜ੍ਹਨਾ

ਨਿਮੇ ਵਾਲੀ ਦਾਦੀ ਦੇ ਤੇ

ਮੰਦਰ ਜ਼ਰੂਰ ਜਾਣਾ

ਪਿੰਡ ਵਿੱਚ ਸਭ ਨੂੰ ਆਦਾਬ ਕਹਿਣਾ

ਐਵੇਂ ਨਾ ਅਭਿੱਜ ਰਹਿਣਾ"

ਪਰ ਮੈਨੂੰ ਬੋਲਣ ਦਾ ਮੌਕਾ ਨਈਂਓ

ਦਿੰਦੀਆਂ

ਧੀਆਂ ਪਿੰਡ ਚੱਲੀਆਂ ।'

'ਨਿੱਕੇ ਵੱਡੇ ਡਰ' ਕਵਿਤਾ ਰਾਹੀਂ ਕਵੀ, ਪਿਓ ਰਾਹੀਂ ਧੀਆਂ ਨੂੰ ਕੀ ਕਹਿਣਾ ਚਾਹੁੰਦਾ ਹੈ ?

ਉੱਤਰ 100-125 ਸ਼ਬਦਾਂ ਵਿੱਚ ਲਿਖੋ ।



UNNATI EDUCATIONS
9899436384, 9654279279

**9** 'ਉਸਨੂੰ ਸਾਨੂੰ ਜ਼ਮੀਨ ਦੇਣੀ ਪਏਗੀ, ਕੰਮ ਦੇਣਾ ਪਏਗਾ....' ਇਸ ਵਾਕ ਤੋਂ ਲੇਖਕ ਨੇ ਰਿਕਸ਼ੇ ਵਾਲੇ ਦੀਆਂ ਅੱਖਾਂ ਵਿੱਚ ਕੀ ਦੇਖਿਆ? ਆਧਾਰ ਉੱਤਰ ਦੀ ਪੁਸ਼ਟੀ 'ਸਵਰਗ ਦੀ ਝਲਕ' ਕਹਾਣੀ ਅਨੁਸਾਰ 100-125 ਸ਼ਬਦਾਂ ਵਿੱਚ ਕਰੋ। **5**

**10** ਇਕਾਂਗੀ 'ਬੇਈਮਾਨ' ਵਿੱਚੋਂ 'ਮੋਟਰ ਵਾਲੇ' ਦਾ ਪਾਤਰ ਚਿਤਰਨ 100-125 ਸ਼ਬਦਾਂ ਵਿੱਚ ਕਰੋ। **5**

**11** 'ਘਰ ਦਾ ਪਿਆਰ' ਨਿਬੰਧ ਰਾਹੀਂ ਪ੍ਰਿ. ਤੇਜਾ ਸਿੰਘ ਕੀ ਸੰਦੇਸ਼ ਦੇਣਾ ਚਾਹ ਰਿਹਾ ਹੈ? ਇਸ ਉੱਤਰ ਦੀ ਪੁਸ਼ਟੀ 100-125 ਸ਼ਬਦਾਂ ਵਿੱਚ ਕਰੋ। **5**

**12** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ । ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ : **1×12=12**

(i) ਹੀਰ ਵਿਛੜੇ ਦੇ ਮੋਏ ਲੋਕਾਂ ਦੇ ਸੰਬੰਧ ਵਿੱਚ ਕੀ ਆਖਦੀ ਹੈ?

(ii) ਫਰੀਦ ਜੀ ਅਨੁਸਾਰ ਕੋਠੇ, ਮੰਡਪ, ਮਾੜੀਆਂ ਨਾਲ ਚਿੱਤ ਕਿਉਂ ਨਹੀਂ ਲਾਉਣਾ ਚਾਹੀਦਾ?

(iii) ਸ਼ਿਵ ਕੁਮਾਰ ਬਟਾਲਵੀ ਕਿਸ ਜੂਨ ਵਿੱਚ ਆਉਣਾ ਚਾਹੁੰਦਾ ਹੈ?

(iv) ਲੇਖਕ ਦੀ ਗੁਆਂਢਣ ਨੇ ਉਸਦੀ ਵਹੁਟੀ ਨੂੰ ਸਵੇਰੇ ਉਠਦਿਆਂ ਸਾਰ ਕੀ ਦੱਸਿਆ?

(v) 'ਸਵਰਗ ਦੀ ਝਲਕ' ਕਹਾਣੀ ਵਿੱਚ 'ਮੈਂ ਪਾਤਰ' ਨੇ ਤਰਸ ਖਾਕੇ ਕਿਸਨੂੰ ਪੈਸੇ ਦੇਣੇ ਚਾਹੇ?

(vi) ਸਰਦਾਰ ਨੇ ਨੰਦੂ ਨੂੰ ਨੌਕਰੀ ਤੋਂ ਕਿਉਂ ਕੱਢ ਦਿੱਤਾ?

(vii) ਮੈਨੇਜਰ ਗਰਾਜ ਦੀ ਕਿਹੜੀ 'ਪਾਲਿਸੀ' ਦਾ ਹਵਾਲਾ ਦਿੰਦਾ ਹੈ?

(viii) ਅੱਜ ਦੇ ਯੁਗ ਵਿੱਚ ਸਮਾਜ ਵਿੱਚ ਸੱਭ ਤੋਂ ਸਸਤੀ ਚੀਜ਼ ਕਿਹੜੀ ਹੈ? 'ਮਲੰਗ' ਕਹਾਣੀ ਦੇ ਆਧਾਰ ਤੇ ਦੱਸੋ।

(ix) ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਤੇ ਕਦੋਂ ਚੜ੍ਹਾਇਆ ਗਿਆ?

(x) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਾਲਾਨਾ ਆਮਦਨ ਕਿੰਨੀ ਸੀ?

(xi) ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ ਸੁੰਦਰਤਾ ਕਿਸ ਚੀਜ਼ ਦੀ ਮੁਥਾਜ ਹੈ?

(xii) ਡਾਕਟਰ ਨੇ ਜੈਸਮੀਨ ਨੂੰ ਕਿਸ ਜਾਂਚ ਲਈ ਭੇਜਿਆ?



UNNATI EDUCATIONS
9899436384, 9654279279

**13** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ : **2×6=12**

(i) 'ਜੰਗ ਸਿੰਘਾਂ ਤੇ ਫ਼ਿਰੰਗੀਆਂ' ਕਵਿਤਾ ਵਿੱਚ ਭੈਣਾਂ ਦੇ ਰੋਣ ਦਾ ਕੀ ਕਾਰਨ ਹੈ?

(ii) ਫ਼ਰੀਦ ਜੀ ਨੇ ਕਾਲੇ ਰੰਗ ਦੇ ਪਹਿਰਾਵੇ ਉੱਤੇ ਕੀ ਵਿਅੰਗ ਕੀਤਾ ਹੈ?

(iii) 'ਸਲੰਗ' ਕਹਾਣੀ ਵਿੱਚ ਸਵਾਰੀਆਂ ਦੀਆਂ ਗੱਲਾਂ ਦਾ ਡਰਾਈਵਰਾਂ ਉੱਤੇ ਕੀ ਅਸਰ ਹੋਇਆ?

(iv) ਕੰਪਿਊਟਰ ਦੇ ਮੂਲ ਅੰਗ ਕਿਹੜੈ ਹਨ?

(v) ਬਲੱਡ ਬੈਂਕ ਵਿੱਚ ਖ਼ੂਨਦਾਨ ਕਰਨ ਨਾਲ ਕੀ ਲਾਭ ਹੁੰਦਾ ਹੈ?

(vi) ਜਲ੍ਹਿਆਂਵਾਲੇ ਬਾਗ ਦੀ ਘਟਨਾ ਦਾ ਭਗਤ ਸਿੰਘ ਤੇ ਕੀ ਅਸਰ ਹੋਇਆ?

**14** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 50 ਸ਼ਬਦਾਂ ਵਿੱਚ ਲਿਖੋ : **3×2=6**

(i) ਸਿੰਮਲ ਦੇ ਰੁੱਖ ਵਾਲੇ ਗੁਰੂ ਨਾਨਕ ਦੇਵ ਜੀ ਨੇ ਕੀ ਵਿਚਾਰ ਪੇਸ਼ ਕੀਤੇ ਹਨ?

(ii) ਜਿਸ ਰਿਕਸ਼ੇ ਉੱਤੇ 'ਮੈਂ ਪਾਤਰ' ਬੈਠਾ ਸੀ, ਉਸ ਰਿਕਸ਼ੇ ਵਾਲੇ ਨੇ ਆਪਣੇ ਬਾਰੇ ਉਸਨੂੰ ਕੀ ਦੱਸਿਆ?

---



UNNATI EDUCATIONS
9899436384, 9654279279